ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ ਵਿਖੇ ਸੈਸ਼ਨ 2026-27 ਲਈ ਦਾਖਲਿਆਂ ਦੀ ਪ੍ਰੀ-ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਸਰਕਾਰੀ ਪੋਲੀਟੈਕਨਿਕ ਕਾਲਜ ਅੰਮ੍ਰਿਤਸਰ ਪੰਜਾਬ ਦੇ ਚੋਣਵੇਂ ਪ੍ਰਮੁੱਖ ਤਕਨੀਕੀ ਸੰਸਥਾਨਾਂ ਵਿੱਚੋਂ ਇੱਕ ਹੈ, ਜਿਸਨੇ ਉੱਤਰੀ ਭਾਰਤ ਦੇ ਦਸ ਰਾਜਾਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਦੋ ਵਾਰ “Outstanding Institute” ਦਾ ਖਿਤਾਬ ਹਾਸਲ ਕੀਤਾ ਹੈ।

ਇਹ ਕਾਲਜ 1965 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਇਸ ਵੇਲੇ ਇੱਥੇ ਇੰਜੀਨੀਅਰਿੰਗ ਦੇ 7 ਤਿੰਨ ਸਾਲਾ ਡਿਪਲੋਮਾ ਕੋਰਸ ਚਲ ਰਹੇ ਹਨ, ਜਿਵੇਂ ਕਿ:

- ਸਿਵਲ ਇੰਜੀਨੀਅਰਿੰਗ
- ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ
- ਇਲੈਕਟ੍ਰੀਕਲ ਇੰਜੀਨੀਅਰਿੰਗ
- ਮਕੈਨੀਕਲ ਇੰਜੀਨੀਅਰਿੰਗ
- ਮਕੈਨੀਕਲ ਇੰਜੀਨੀਅਰਿੰਗ (ਰੈਫਰੀਜਰੇਸ਼ਨ ਐਂਡ ਏਅਰ ਕੰਡੀਸ਼ਨਿੰਗ)
- ਮਕੈਨੀਕਲ ਇੰਜੀਨੀਅਰਿੰਗ (ਪ੍ਰੋਡਕਸ਼ਨ)
- ਇਨਫੋਰਮੇਸ਼ਨ ਟੈਕਨਾਲੋਜੀ

ਇਸ ਤੋਂ ਇਲਾਵਾ, ਕਾਲਜ ਵਿੱਚ ਦੋ ਸਾਲਾ D. Pharmacy ਅਤੇ ਚਾਰ ਸਾਲਾ B. Pharmacy ਕੋਰਸ ਵੀ ਉਪਲਬਧ ਹਨ।

ਕਾਲਜ ਦੇ ਪ੍ਰਿੰਸੀਪਲ ਸ਼੍ਰੀ ਦਵਿੰਦਰ ਸਿੰਘ ਭੱਟੀ ਨੇ ਦੱਸਿਆ ਕਿ ਦਾਖਲੇ ਲਈ ਚਾਹਵਾਨ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਇਸ ਸਬੰਧੀ ਕਾਲਜ ਵੱਲੋਂ ਕਾਉਂਸਲਿੰਗ ਸੈਲ ਅਤੇ ਹੈਲਪ ਡੈਸਕ ਸਥਾਪਿਤ ਕੀਤਾ ਗਿਆ ਹੈ। ਇਸ ਦੇ ਇੰਚਾਰਜ ਇਰ. ਕਸ਼ਮੀਰੀ ਲਾਲ (ਮੁੱਖੀ, ਮਕੈਨੀਕਲ ਇੰਜੀਨੀਅਰਿੰਗ – ਪ੍ਰੋਡਕਸ਼ਨ) ਅਤੇ ਸਹਾਇਕ ਇੰਚਾਰਜ ਮਨਜਿੰਦਰ ਸਿੰਘ (ਲੈਕਚਰਾਰ, ਫਾਰਮੇਸੀ) ਨਿਯੁਕਤ ਕੀਤੇ ਗਏ ਹਨ।

ਦਾਖਲੇ ਸਬੰਧੀ ਜਾਣਕਾਰੀ ਲਈ ਵਿਦਿਆਰਥੀ ਹੇਠਾਂ ਦਿੱਤੇ ਨੰਬਰਾਂ ‘ਤੇ ਸੰਪਰਕ ਕਰ ਸਕਦੇ ਹਨ:
📞 9814029961, 9781008485

ਉਨ੍ਹਾਂ ਦੱਸਿਆ ਕਿ ਕਾਉਂਸਲਿੰਗ ਸੈਲ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਕਰਨ, ਉਚਿਤ ਕੋਰਸ ਚੁਣਨ ਅਤੇ ਦਾਖਲੇ ਸੰਬੰਧੀ ਪੂਰੀ ਰਹਿਨੁਮਾਈ ਪ੍ਰਦਾਨ ਕਰਨਾ ਹੈ। ਇਸ ਤੋਂ ਇਲਾਵਾ, ਸਾਰੇ ਵਿਭਾਗੀ ਮੁਖੀਆਂ ਦੀ ਦੇਖ-ਰੇਖ ਹੇਠ ਦਾਖਲਾ ਟੀਮਾਂ ਵੀ ਬਣਾਈਆਂ ਗਈਆਂ ਹਨ, ਜੋ ਨਜ਼ਦੀਕੀ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਅਤੇ ਸਕੂਲ ਮੁਖੀਆਂ ਨਾਲ ਸੰਪਰਕ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਦਾਖਲੇ ਲਈ ਪ੍ਰੇਰਿਤ ਕਰ ਰਹੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਵਜ਼ੀਫਾ ਯੋਜਨਾ ਅਧੀਨ ਹਰ ਵਰਗ ਦੇ ਵਿਦਿਆਰਥੀਆਂ ਲਈ ਫੀਸ ਮੁਆਫੀ ਦੀ ਸਹੂਲਤ ਉਪਲਬਧ ਹੈ। ਇਸ ਤੋਂ ਇਲਾਵਾ, ਘੱਟ ਆਮਦਨ ਵਾਲੇ ਐੱਸ.ਸੀ. ਵਰਗ ਦੇ ਵਿਦਿਆਰਥੀਆਂ ਲਈ ਪੂਰੀ ਫੀਸ ਮੁਆਫ ਹੈ।